ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ।
ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਈ-ਬਲਾਕ, ਪੰਜਵੀਂ ਮੰਜਿਲ, ਫੇਜ਼-8, ਐਸ.ਏ.ਐਸ.ਨਗਰ।
(ਵਜੀਫਾ ਸ਼ਾਖਾ)

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.)
ਪੰਜਾਬ ਰਾਜ।

ਮੀਮੋ ਨੰ. 291665/2023|55072

ਮਿਤੀ:- 27-02-2023

ਵਿਸ਼ਾ- ਸੈਸ਼ਨ 2021-22 ਅਤੇ 2022-23 ਦੌਰਾਨ ਵੱਖ-ਵੱਖ ਸੈਂਟਰਲੀ /ਸਟੇਟ ਸਪਾਂਸਰਡ ਵਜੀਫਾ ਸਕੀਮਾਂ ਅਧੀਨ ਸਕਾਲਰਸ਼ਿਪ ਸਬੰਧੀ ਸਕੂਲਾਂ ਦਾ ਰਿਕਾਰਡ ਮੇਨਟੇਨ ਕਰਵਾਉਣ ਬਾਰੇ।

ਹਵਾਲਾ:- ਇਸ ਦਫਤਰ ਦੇ ਪੱਤਰ ਨੰ. ਸਕਾਲਰਸ਼ਿਪ /ਸ-2/ਈ-95116/2022129055 ਮਿਤੀ 30-05-2022, 6/6-2021 ਵਜੀਫਾ(2)/2022241222 ਮਿਤੀ 09-07-2022, ਈ-95116/2022233261 ਮਿਤੀ 30-08-2022, ਈ-291665/202353582-53604 ਮਿਤੀ 23-02-2023 ਅਤੇ ਮਿਤੀ 24-02-2023 ਨੂੰ ਮਾਣਯੋਗ ਡੀ.ਜੀ.ਐਸ.ਈ. ਜੀ ਦੀ ਪ੍ਰਧਾਨਗੀ ਹੇਠ ਹੋਈ ਵੀਡਿਉ ਕਾਨਫਰੰਸ ਬਾਰੇ।

1.0 ਉਕਤ ਵਿਸ਼ੇ ਦੇ ਸਬੰਧ ਵਿੱਚ ਲਿਖਿਆ ਜਾਂਦਾ ਹੈ ਕਿ ਵੱਖ-ਵੱਖ ਸੈਂਟਰਲੀ/ਸਟੇਟ ਸਪਾਂਸਰਡ ਵਜੀਫਾ ਸਕੀਮਾਂ ਅਧੀਨ ਅਪਲਾਈ ਕਰਨ ਸਮੇਂ ਲੋੜੀਂਦੇ ਡਾਕੂਮੈਂਟਸ ਮੇਨਟੇਨ ਕਰਨ ਲਈ ਸਮੇਂ-ਸਮੇਂ ਤੇ ਮੁੱਖ ਦਫਤਰ ਵੱਲੋਂ ਹਦਾਇਤਾ ਜਾਰੀ ਕੀਤੀਆਂ ਗਈਆ ਹਨ ਪਰ ਬਹੁਤ ਹੀ ਖੇਦ ਦੀ ਗੱਲ ਹੈ ਕਿ ਆਪ ਦੇ ਅਧੀਨ ਆਉਂਦੇ ਕਈ ਸਕੂਲਾਂ ਦੇ ਸਕਾਲਰਸ਼ਿਪ ਸਬੰਧੀ ਲੋੜੀਂਦੇ ਦਸਤਾਵੇਜ/ਰਿਕਾਰਡ (ਜਿਵੇਂ ਕਿ ਇਨਕਮ, ਕਿੱਤਾ, ਜਾਤੀ ਸਰਟੀਫਿਕੇਟ, ਡੋਮੀਸਾਈਲ, ਬੈਂਕ ਡਿਟੇਲ, ਅਧਾਰ ਨੰਬਰ ਆਦਿ) ਮੇਨਟੇਨ ਨਹੀਂ ਹੈ। ਇਹ ਇੱਕ ਗੰਭੀਰ ਮਾਮਲਾ ਹੈ, ਜਿਸ ਕਾਰਨ ਆਡਿਟ ਪੈਰ੍ਹਾ ਬਣਨ ਦੀ ਸੰਭਾਵਨਾ ਹੈ।

2.0 ਇਸ ਲਈ ਹਵਾਲਾ ਅਧੀਨ ਪੱਤਰ ਈ-291665/202353582-53604 ਮਿਤੀ 23-02-2023 ਦੀ ਲਗਾਤਾਰਤਾ ਵਿੱਚ ਲਿਖਿਆ ਜਾਂਦਾ ਹੈ ਕਿ ਸੈਸ਼ਨ 2022-23 ਦੌਰਾਨ ਅਪਲਾਈ ਕਰਵਾਏ ਗਏ ਵਿਦਿਆਰਥੀਆਂ ਦਾ 100% ਰਿਕਾਰਡ ਮੇਨਟੇਨ ਕਰਵਾਉਣਾ ਯਕੀਨੀ ਬਣਾਇਆ ਜਾਵੇ **ਅਤੇ ਮਿਤੀ 09-03-2023 ਸਮਾਂ 3.00 ਵਜੇ ਤੱਕ ਰਿਕਾਰਡ ਮੇਨਟੇਨ ਸਬੰਧੀ ਸਰਟੀਫਿਕੇਟ ਮੁੱਖ ਦਫਤਰ ਵਿਖੇ ਭੇਜਿਆ ਜਾਵੇ।**

3.0 ਜੇਕਰ ਮਿੱਥੇ ਸਮੇਂ ਦੇ ਅੰਦਰ-ਅੰਦਰ ਸੈਸ਼ਨ 2022-23 ਦਾ ਰਿਕਾਰਡ ਮੇਨਟੇਨ ਨਹੀਂ ਕੀਤਾ ਜਾਂਦਾ ਹੈ **ਤਾਂ ਮਿਤੀ 14-03-2023 ਸਮਾਂ 11.00 ਵਜੇ, ਆਪ ਨੂੰ ਮੁੱਖ ਦਫਤਰ ਵਿਖੇ ਮਾਣਯੋਗ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਜੀ ਦੇ ਸਨਮੁਖ ਪੇਸ਼ ਹੋਣ ਦੀ ਹਦਾਇਤ ਕੀਤੀ ਜਾਂਦੀ ਹੈ।**

4.0 ਇਸ ਤੋਂ ਇਲਾਵਾ ਸੈਸ਼ਨ 2021-22 ਦੌਰਾਨ ਸੈਂਟਰਲੀ/ਸਟੇਟ ਸਪਾਂਸਰਡ ਵਜੀਫਾ ਸਕੀਮਾਂ ਅਧੀਨ ਅਪਲਾਈ ਕਰਵਾਏ ਗਏ ਵਿਦਿਆਰਥੀਆਂ ਦਾ ਰਿਕਾਰਡ ਮਿਤੀ 31-03-2023 ਤੱਕ ਮੇਨਟੇਨ ਕਰਵਾਉਣ ਉਪਰੰਤ ਸਰਟੀਫਿਕੇਟ ਮੁੱਖ ਦਫਤਰ ਨੂੰ ਭੇਜਣਾ ਯਕੀਨੀ ਬਣਾਇਆ ਜਾਵੇ।

ਇਹ ਪੱਤਰ ਮਾਣਯੋਗ ਡੀ.ਜੀ.ਐਸ.ਈ. ਜੀ ਦੇ ਹੁਕਮਾਂ ਅਨੁਸਾਰ ਜਾਰੀ ਕੀਤਾ ਗਿਆ ਹੈ।

27.02.2023

**ਸਹਾਇਕ ਡਾਇਰੈਕਟਰ (ਵਜੀਫਾ)**

Scanned by CamScanner

ਦਫਤਰ ਜ਼ਿਲ੍ਹਾ ਸਿੱਖਿਆ ਅਫਸਰ (ਸੈ:ਸਿ), ਬਠਿੰਡਾ

ਪਿੱਠ ਅੰਕਣ ਨੰ: ਸੀ-5/1()/2023/1097 ਮਿਤੀ: ਬਠਿੰਡਾ 27-02-2023

ਉਪਰੋਕਤ ਦਾ ਉਤਾਰਾ ਸਮੂਹ ਸਕੂਲ ਮੁੱਖੀਆਂ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਕਤ ਪੱਤਰ ਅਨੁਸਾਰ ਵਜੀਫੇ ਦਾ ਵਿਸਤਰਤ ਸਟੇਟਮੈਂਟ ਕਰ ਲਿਆ ਜਾਵੇ ਅਤੇ ਸਰਟੀਫਿਕੇਟ ਦਿੱਤਾ ਜਾਵੇ ਕਿ ਸੈਸ਼ਨ 2021-22 ਅਤੇ 2022-23 ਦੌਰਾਨ ਵੱਖ-2 ~~ਕੈਟਗਰੀ~~ ਕੈਟਾਗਰੀ/ਸਟੇਟ ਸਪਾਂਸਰਡ ਵਜੀਫਾ ਅਧੀਨ ਸਕਾਲਰਸ਼ਿਪ ਸਬੰਧੀ ਸਕੂਲ ਵਿੱਚ ਵਿਸਤਰਤ ਸਟੇਟਮੈਂਟ ਕਰ ਲਿਆ ਹੈ। ਇਹ ਸਰਟੀਫਿਕੇਟ ਇਸ ਦਫਤਰ ਦੀ ਈ-ਮੇਲ ਆਈ-ਡੀ Schularshipmamta21@gmail.com ਤੇ ਮਿਤੀ 01-03-2023 ਤੱਕ ਹਰ ਹਾਲਤ ਵਿੱਚ ਭੇਜਿਆ ਜਾਵੇ। ਜੇਕਰ ਕਿਸੇ ਸਕੂਲ ਵੱਲੋਂ ਇਹ ਸਰਟੀਫਿਕੇਟ ਨਹੀਂ ਭੇਜਿਆ ਜਾਂਦਾ ਤਾਂ ਸਬੰਧਤ ਸਕੂਲ ਮੁੱਖੀ ਦਾ ਨਾਂ ਉੱਚ ਅਧਿਕਾਰੀਆਂ ਨੂੰ ਭੇਜ ਦਿੱਤਾ ਜਾਵੇਗਾ।

Sumeet Singh
ਜ਼ਿਲ੍ਹਾ ਸਿੱਖਿਆ ਅਫਸਰ (ਸੈ:ਸਿ)
ਬਠਿੰਡਾ 27/2/23
27/2/23